# ਮਾਊਂਟੇਨ ਡਯੂ ਨੇ ਕਿੰਗਸ XI ਪੰਜਾਬ ਦੇ ਨਾਲ ਗਠਜੋੜ ਕੀਤਾ

## ਪੰਜਾਬ ਤੇ ਹਰਿਆਣਾ 'ਚ ਮੈਗਾ ਖਪਤਕਾਰ ਸ਼ੁਰੂਆਤ ਦਾ ਉਦਘਾਟਨ

ਲੁਧਿਆਣਾ, ੫ ਮਾਰਚ (ਸਚਦੇਵਾ)-ਮਾਊਂਟੇਨ ਡਯੂ, ਪੈਪਸਿਕੋ ਇੰਡੀਆ ਦੀ ਉਤਪਾਦ ਸੂਚੀ 'ਚ ਪਿਛਲੇ ਲਗਾਤਾਰ ਤਿੰਨ ਸਾਲਾਂ ਤੋਂ ਕਾਰਬੋਨੇਟਿਡ ਸਾਫਟ ਡਰਿਕ ਸ਼੍ਰੇਣੀ 'ਚ ਲਗਾਤਾਰ ਤੇਜੀ ਨਾਲ ਅੱਗੇ ਵੱਧ ਰਿਹਾ ਪੀਣ ਵਾਲਾ ਪਦਾਰਥ ਇਕ ਵਾਰ ਫਿਰ ਤੋਂ ਅਜਿਹਾ ਕਰ ਰਿਹਾ ਹੈ ਅਤੇ ਇਸ ਵਾਰ ਕਿੰਗਸ XI ਪੰਜਾਬ ਦੇ ਨਾਲ ਅਧਿਕਾਰਿਕ ਪੇਅ ਪਾਰਟਨਰ ਦੇ ਰੂਪ 'ਚ ਜੁੜ ਕੇ ਇਕ ਅਜਿਹੇ ਕ੍ਰਿਕੇਟ ਫੀਵਰ ਦੀ ਸ਼ੁਰੂਆਤ ਕਰਨ ਵਾਲਾ ਹੈ, ਜੋ ਪਹਿਲਾਂ ਕਦੇ ਨਹੀਂ ਵੇਖਿਆ ਗਿਆ।

ਮਾਊਂਟੇਨ ਡਯੂ, ਕੇ. ਐਕਸਵਾਈਪੀ (KXIP) ਦੇ ਲਈ ਇਕ ਸੰਪੂਰਨ ਪਾਰਟਨਰ ਹੈ, ਜਿਸ 'ਚ ਆਪਣੀ ਊਰਜਾ ਸਜੀਵਤਾ ਅਤੇ ਲੋੜ ਦੇ ਨਾਲ ਪਿਛਲੇ ਦੋ ਇੰਡੀਆ ਪ੍ਰੀਮਿਅਰ ਲੀਗ (ਆਈ.ਪੀ.ਐਲ) ਸੈਸ਼ਨਾਂ 'ਚ ਆਪਣੀ ਅਸਲੀ ਪੰਜਾਬੀ ਭਾਵਨਾਂ ਦਾ ਪ੍ਰਦਰਸ਼ਨ ਕੀਤਾ ਹੈ। ਕੇ.ਐਕਸ. ਆਈ. ਪੀ. (KXIP) ਪਿਛਲੇ ਆਈ.ਪੀ.ਐਲ. 'ਚ ਸਭ ਤੋਂ ਵੱਧ ਮਸ਼ਹੂਰ ਤੇ ਸ਼ਲਾਘਾਯੋਗ ਟੀਮਾਂ ਵਿਚੋਂ ਇਕ ਰਹੀ ਹੈ ਅਤੇ ਇਸ ਸਾਲ ਆਈ.ਪੀ.ਐਲ. ਜਿੱਤਣ ਵਾਲੇ ਪਸੰਦੀਦਾ ਤੇ ਸਭ ਤੋਂ ਮਜਬੂਤ ਦਾਵੇਦਾਰਾਂ ਵਿਚੋਂ ਇਕ ਹੈ। ਜਵਾਜੋਸ਼ ਅਤੇ ਰੋਮਾਂਚ ਦੀ ਖਾਸੀਅਤ ਦੇ ਨਾਲ, ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਉਤਰੀ ਰਾਜਾਂ 'ਚ ਪਸੰਦੀਦਾ ਪੇਅ ਬ੍ਰਾਂਡ ਮਾਊਂਟੇਨ ਡਯੂ ਨੇ ਅੱਜ ਇਕ ਅਨੋਖੀ ਖਪਤਕਾਰ ਮੁਹਿਮ ਦੀ ਸ਼ੁਰੂਆਤ ਕੀਤੀ, ਜਿਸ 'ਚ ਖੇਡਾਂ ਦੇ ਅਸਲੀ ਪ੍ਰੇਮੀਆਂ ਨੂੰ ਆਪਣੀ ਪਸੰਦੀਦਾ ਆਈ.ਪੀ.ਐਲ. ਟੀਮ-ਕੇ. ਐਕਸ. ਆਈ.ਪੀ. (KXIP) ਦੇ ਕ੍ਰਿਕੇਟ ਸਿਤਾਰਿਆ ਦੇ ਖਿਲਾਫ਼ ਖੇਡਣ ਦਾ ਇਕ ਮੌਕਾ ਮਿਲੇਗਾ।

ਇਥੇ ਇਹ ਐਲਾਨ ਕਰਦੇ ਹੋਏ ਸੁਸ਼੍ਰੀ ਅਲਪਨਾ ਟੀਟਸ, ਕਾਰਜਸਾਧਕ ਡਾਇਰੇਕਟਰ (ਫਲੇਵਰਸ), ਪੈਪਸਿਕੋ ਇੰਡੀਆ ਹੋਲਡਿੰਗ ਨੇ ਕਿਹਾ, " ਮਾਊਂਟੇਨ ਡਯੂ ਰਿਵਾਇਤੀ ਮਾਪਦੰਡਾਂ ਨੂੰ ਚੁਣੌਤੀ ਦੇ ਕੇ ਨਵੇਂ ਮਾਪਦੰਡ ਸਥਾਪਿਤ ਕਰਦੀ ਹੈ। 'ਡਰ ਕੀ ਵਿਕਟ ਗਿਰਾਏਗਾ ਤੋ ਹਮਾਰੇ ਸਾਥ ਖੇਲੇਗਾ' ਮੁਹਿਮ ਇਸੇ ਬ੍ਰਾਂਡ ਅਵਸਥਾ ਨੂੰ ਦਰਸ਼ਾਉਂਦਾ ਹੈ। ਇਹ ਇਨੀਂ ਦਿਨੀਂ ਕ੍ਰਿਕੇਟ ਦੇ ਖੇਡ ਤੋਂ ਜੁੜੀ ਖਪਤਕਾਰ ਪ੍ਰੋਤਸਾਹਨਾਂ ਦੀ ਇਕਰਸਤਾ ਦੁਆਰਾ ਪੈਦਾ ਅਵਸਥਾ ਨੂੰ ਚੁਣੌਤੀ ਦਿੰਦਾ ਹੈ ਅਤੇ ਇਸਦੇ ਪ੍ਰਸ਼ੰਸਕਾਂ ਨੂੰ ਆਪਣੇ ਪਸੰਦੀਦਾ ਕ੍ਰਿਕੇਟ ਸਿਤਾਰਿਆਂ ਤਕ ਪਹੁੰਚਾਉਣ ਦਾ ਅਨੋਖਾ ਜਰੀਆ ਪ੍ਰਦਾਨ ਕਰਦਾ ਹੈ।